Roll No. ..................

Total No. of Questions : 20]

**143**

[Total No. of Printed Pages : 8

**SS**

**2067**

**ਸਲਾਨਾ ਪਰੀਖਿਆ ਪ੍ਰਨਾਲੀ**

**BUSINESS ECONOMICS AND QUANTITATIVE METHODS-II**

**(Commerce Group)**

**(Punjabi, Hindi and English Versions)**

**(Evening Session)**

Time allowed : Three hours

Maximum marks : 65

**(Punjabi Version)**

**ਨੋਟ** : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **143** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ ਪੱਤਰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ । (**ਭਾਗ–ੳ, ਭਾਗ–ਅ, ਭਾਗ–ੲ, ਅਤੇ ਭਾਗ–ਸ**) ।

(v) **ਭਾਗ–ੳ** : ਵਿੱਚ ਪ੍ਰਸ਼ਨ ਨੰ. *1* ਹੋਵੇਗਾ, ਜਿਸਦੇ ਪੰਜ ਭਾਗ ਹੋਣਗੇ, ਹਰੇਕ ਭਾਗ ਇੱਕ ਅੰਕ ਦਾ ਹੋਵੇਗਾ, ਜਿਨ੍ਹਾਂ ਦਾ ਉੱਤਰ 1-15 ਸ਼ਬਦਾਂ ਵਿੱਚ ਲਿਖੋ ।

(vi) **ਭਾਗ–ਅ** : ਵਿੱਚ ਪ੍ਰਸ਼ਨ ਨੰ. *2* ਤੋਂ *8* ਤੱਕ ਹੋਣਗੇ, ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ, ਜਿਨ੍ਹਾਂ ਦਾ ਉੱਤਰ 5-10 ਲਾਇਨਾਂ ਵਿੱਚ ਲਿਖੋ ।

(vii) **ਭਾਗ–ੲ** : ਵਿੱਚ ਪ੍ਰਸ਼ਨ ਨੰ. *9* ਤੋਂ *17* ਤੱਕ ਹੋਣਗੇ ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ । ਕੋਈ *7* ਪ੍ਰਸ਼ਨ ਕਰਨੇ ਜ਼ਰੂਰੀ ਹਨ । ਇਹਨਾਂ ਦਾ ਉੱਤਰ 15-20 ਲਾਇਨਾਂ ਵਿੱਚ ਦਿਉ ।

(viii) **ਭਾਗ–ਸ** : ਵਿੱਚ ਪ੍ਰਸ਼ਨ ਨੰ. *18-20* ਤੱਕ ਅੰਦਰੂਨੀ ਚੋਣ ਵਾਲੇ ਹੋਣਗੇ, ਹਰੇਕ ਪ੍ਰਸ਼ਨ *6* ਅੰਕਾਂ ਦਾ ਹੋਵੇਗਾ ਜਿਨ੍ਹਾਂ ਦਾ ਉੱਤਰ 3-5 ਪੰਨਿਆ ਵਿੱਚ ਲਿਖੋ ।

(ix) ਲੋੜ ਅਨੁਸਾਰ ਚਿੱਤਰ ਬਣਾਓ ।

(x) ਪ੍ਰੋਗਰਾਮਾਂ ਤੋਂ ਬਿਨਾਂ ਸਾਧਾਰਣ ਕੈਲਕੁਲੇਟਰ ਵਰਤਣ ਦੀ ਆਗਿਆ ਹੈ । ਵਿਦਿਆਰਥੀ ਆਪਣਾ ਕੈਲਕੁਲੇਟਰ ਪ੍ਰੀਖਿਆ ਭਵਨ ਵਿੱਚ ਲਿਆਉਣ । ਇੱਕ ਦੂਜੇ ਤੋਂ ਮੰਗਣ ਦੀ ਆਗਿਆ ਨਹੀਂ ਹੋਵੇਗੀ ।

**ਭਾਗ–ੳ**

**1.** (ੳ) ਮਧਿਅਕਾ ਬਰਾਬਰ ਹੈ 1

(i) $P_{50}$ (ii) $D_7$

(iii) $Q_4$ (iv) ਉਪਰੋਕਤ ਵਿੱਚੋਂ ਕੋਈ ਨਹੀਂ

(ਅ) ਭਾਰਿਤ ਸੂਚਕ ਅੰਕ ਕੱਢਣ ਲਈ ਲਾਸਪੀਅਰ ਦਾ ਸੂਤਰ ਲਿਖੋ । 1

(ੲ) ਠੀਕ ਜਾਂ ਗਲਤ ਲਿਖੋ 1

ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦ = ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ ।

(ਸ) ਸਾਖ਼ ਮੁਦਰਾ ਕੀ ਹੈ ? 1

(ਹ) ਜਦੋਂ ਵਪਾਰ ਸੰਤੁਲਨ 200 ਕਰੋੜ ਰੁਪਏ ਘਾਟੇ ਦਾ ਹੈ ਅਤੇ ਨਿਰਯਾਤ ਦਾ ਮੁੱਲ 800 ਕਰੋੜ ਰੁਪਏ ਹੈ ਤਾਂ ਆਯਾਤ ਦਾ ਮੁੱਲ ਗਿਆਤ ਕਰੋ । 1

ਭਾਗ–ਅ

2. ਔਸਤ ਦੀ ਪਰਿਭਾਸ਼ਾ ਲਿਖੋ । 2
3. ਵਿਸਥਾਰ ਕੀ ਹੈ ? 2
4. ਕੀਮਤ ਸੂਚਕ ਅੰਕ ਦੀ ਵਿਆਖਿਆ ਕਰੋ । 2
5. ਸਹਿਸੰਬੰਧ ਦੇ ਬਿਖਰੇ ਬਿੰਦੂ ਚਿੱਤਰ ਵਿੱਧੀ ਦੇ ਔਗੁਣਾਂ ਦਾ ਵਰਨਣ ਕਰੋ । 2
6. ਬਜ਼ਾਰ ਕੀਮਤ ਤੇ ਕੁੱਲ ਰਾਸ਼ਟਰੀ ਉਤਪਾਦ ਕੀ ਹੈ ? 2
7. ਔਸਤ ਉਪਭੋਗ ਪ੍ਰਵ੍ਰਿਤੀ ਅਤੇ ਔਸਤ ਬੱਚਤ ਪ੍ਰਵ੍ਰਿਤੀ ਵਿੱਚ ਸੰਬੰਧ ਬਣਾਉ । 2
8. ਨਗਦ ਨਿਧੀ ਅਨੁਪਾਤ ਦੀ ਵਿਆਖਿਆ ਕਰੋ । 2

### ਭਾਗ–ੲ

9. ਹੇਠ ਲਿਖੇ ਆਂਕੜਿਆਂ ਤੋਂ ਮਧਿਅਕਾ ਗਿਆਤ ਕਰੋ : 4

| ਅੰਕ : | 10 ਤੋਂ ਘੱਟ | 20 ਤੋਂ ਘੱਟ | 30 ਤੋਂ ਘੱਟ | 40 ਤੋਂ ਘੱਟ | 50 ਤੋਂ ਘੱਟ |
|---|---|---|---|---|---|
| ਵਿਦਿਆਰਥੀਆਂ ਦੀ ਗਿਣਤੀ : | 2 | 8 | 20 | 24 | 30 |

10. ਹੇਠਾਂ ਲਿਖੀ ਵੰਡ ਦਾ ਵਿਚਰਨ ਗੁਣਾਂਕ ਪਤਾ ਕਰੋ : 4

| ਅੰਕ : | 0–10 | 10–20 | 20–30 | 30–40 | 40–50 |
|---|---|---|---|---|---|
| ਵਿਦਿਆਰਥੀਆਂ ਦੀ ਗਿਣਤੀ : | 7 | 12 | 13 | 10 | 8 |

11. ਹੇਠਾਂ ਲਿਖੇ ਡਾਟਾ ਤੋਂ ਅਦਰਸ਼ ਸੂਚਕ ਅੰਕ ਗਿਆਤ ਕਰੋ : 4

| ਵਸਤੂਆਂ | ਕੀਮਤ (ਰੁ:) | | ਮਾਤਰਾ (ਕਿ.ਗ੍ਰ.) | |
|---|---|---|---|---|
| | 2016 | 2017 | 2016 | 2017 |
| A | 3 | 4 | 6 | 7 |
| B | 4 | 5 | 8 | 11 |
| C | 2 | 2 | 3 | 6 |
| D | 7 | 9 | 7 | 10 |

12. ਉਪਭੋਗ ਦੀ ਆਮਦਨ ਤੇ ਪ੍ਰਤੀਗਮਨ ਸਮੀਕਰਨ ਬਣਾਉ : 4

| ਆਮਦਨ (ਰੁ:) : | 50 | 100 | 150 | 200 | 250 | 300 | 350 |
|---|---|---|---|---|---|---|---|
| ਉਪਭੋਗ (ਰੁ:) : | 40 | 90 | 145 | 150 | 190 | 250 | 280 |

13. ਹੇਠਾਂ ਦਿੱਤੀ ਗਈ ਸੂਚਨਾ ਦੀ ਸਹਾਇਤਾ ਨਾਲ ਗਿਆਤ ਕਰੋ : 4

(ੳ) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦ

(ਅ) ਵਿਅਕਤੀਗਤ ਆਮਦਨ

| ਮਦਾਂ | | (ਰੁਪਏ ਕਰੋੜ) |
|---|---|---|
| (i) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦ | = | 54,000 |
| (ii) ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | = | 200 |
| (iii) ਸਰਕਾਰੀ ਪ੍ਰਸ਼ਾਸ਼ਨਕ ਵਿਭਾਗਾਂ ਦੁਆਰਾ ਅਰਜਿਤ ਸੰਪਤੀ ਅਤੇ ਉੱਦਮ ਤੋਂ ਆਮਦਨ | = | 1,300 |
| (iv) ਰਾਸ਼ਟਰੀ ਕਰਜ਼ੇ ਤੇ ਵਿਆਜ | = | 600 |
| (v) ਕੰਪਨੀ ਕਰ R% ਨਿਗਮ ਕਰ | = | 800 |
| (vi) ਪਰਿਵਾਰ ਦੁਆਰਾ ਦਿੱਤਾ ਗਿਆ ਪ੍ਰਤੱਖ ਕਰ | = | 1,200 |

14. ਮੁਦਰਾ ਨੀਤੀ ਦੇ ਅੰਤਰਗਤ ਕੀਤੇ ਜਾਣ ਵਾਲੇ ਉਪਾਆਂ ਦਾ ਵਰਨਣ ਕਰੋ । 4

15. ਮੁਦਰਾ ਦੇ ਵੱਖ-ਵੱਖ ਕੰਮਾਂ ਬਾਰੇ ਲਿਖੋ । 4

16. ਬਜਟ ਪ੍ਰਾਪਤੀਆਂ ਤੋਂ ਕੀ ਭਾਵ ਹੈ, ਚਰਚਾ ਕਰੋ । 4

17. ਵਪਾਰ ਬਾਕੀ ਤੇ ਭੁਗਤਾਨ ਬਾਕੀ ਵਿੱਚ ਕੀ ਅੰਤਰ ਹੈ ? 4

**ਭਾਗ–ਸ**

18. ਹੇਠ ਲਿਖੀ ਆਵ੍ਰਿਤੀ ਵੰਡ ਵਿੱਚ ਵਰਗ ਅੰਤਰ 40-50 ਦੀ ਆਵ੍ਰਿਤੀ ਨਹੀਂ ਪਤਾ, ਇਸ ਦਾ ਪਤਾ ਕਰੋ ? ਜੇ ਇਸ ਵੰਡ ਦੀ ਔਸਤ 52 ਰੁਪਏ ਹੋਵੇ : 6

| ਮਜ਼ਦੂਰੀ (ਰੁ:) : | 10–20 | 20–30 | 30–40 | 40–50 | 50–60 | 60–70 | 70–80 |
|---|---|---|---|---|---|---|---|
| ਕਾਮਿਆਂ ਦੀ ਗਿਣਤੀ : | 5 | 3 | 4 | ? | 2 | 6 | 13 |

ਜਾਂ

ਅਕਾਊਂਟੈਂਸੀ ਅਤੇ ਗਣਿਤ ਵਿੱਚੋਂ ਪ੍ਰਾਪਤ ਅੰਕਾਂ ਵਿੱਚ ਸਹਿਸੰਬੰਧ ਪਤਾ ਕਰੋ : 6

| ਅਕਾਊਂਟੈਂਸੀ ਵਿੱਚੋਂ ਪ੍ਰਾਪਤ ਅੰਕ : | 28 | 36 | 45 | 54 | 76 | 98 | 106 | 56 |
|---|---|---|---|---|---|---|---|---|
| ਗਣਿਤ ਵਿੱਚੋਂ ਪ੍ਰਾਪਤ ਅੰਕ : | 80 | 62 | 53 | 44 | 35 | 22 | 46 | 40 |

19. ਉਨ੍ਹਾਂ ਮਦਾਂ ਦਾ ਵਰਨਣ ਕਰੋ ਜੋ ਕਿਸੇ ਦੇਸ਼ ਦੇ ਭੁਗਤਾਨ ਬਾਕੀ ਵਿੱਚ ਸ਼ਾਮਿਲ ਹੁੰਦੀਆਂ ਹਨ ? 6

ਜਾਂ

ਉਪਭੋਗ (C) + ਨਿਵੇਸ਼ (I) ਵੱਕਰ ਦੀ ਸਹਾਇਤਾ ਨਾਲ ਸੰਤੁਲਨ ਪੱਧਰ ਦੀ ਵਿਆਖਿਆ ਕਰੋ । 6

20. ਹੇਠ ਦਿੱਤੀ ਕ੍ਰਮਬੱਧ ਅਧਾਰ ਸੂਚਕ ਅੰਕ ਤੋਂ ਸਥਿਰ ਅਧਾਰ ਸੂਚਕ ਅੰਕ ਤਿਆਰ ਕਰੋ : 6

| ਸਾਲ : | 1982 | 1983 | 1984 | 1985 | 1986 | 1987 |
|---|---|---|---|---|---|---|
| ਕ੍ਰਮਬੱਧ ਅਧਾਰ ਸੂਚਕ ਅੰਕ: | 80 | 110 | 120 | 90 | 140 | 150 |

ਜਾਂ

ਉਤਪਾਦ ਵਿਧੀ ਨਾਲ ਰਾਸ਼ਟਰੀ ਆਮਦਨ ਕਿਵੇਂ ਮਾਪੀ ਜਾਂਦੀ ਹੈ, ਵਿਆਖਿਆ ਕਰੋ । 6

**(Hindi Version)**